ਵਿਚਾਰ-ਚਰਚਾ

# ਕਮਿਊਨਿਸਟਾਂ ਦਾ ਰਣ-ਖੇਤਰ

## ਗੁਰਸ਼ਰਨ ਸਿੰਘ

ਕਮਿਊਨਿਸਟ ਸਿਧਾਂਤ ਦੇ ਧਾਰਨੀ ਮੌਜੂਦਾ ਸਮਾਜ ਦੀਆਂ ਬਹੁਤ ਸਾਰੀਆਂ ਗਲਤੀਆਂ ਅਤੇ ਬੇਇਨਸਾਫ਼ੀਆਂ ਨੂੰ ਜੜ੍ਹ ਰੂਪ ਵਿਚ ਜਮਾਤੀ ਸਮਾਜ ਦੀ ਦੇਣ ਸਮਝਦੇ ਹਨ। ਉਹਨਾਂ ਦਾ ਯਕੀਨ ਹੈ ਕਿ ਇਸ ਸਮਾਜ ਵਿਚ ਇਨਕਲਾਬੀ ਤਬਦੀਲੀਆਂ ਲਿਆਏ ਬਗੈਰ ਇਹਨਾਂ ਬੇਇਨਸਾਫ਼ੀਆਂ ਦਾ ਕੋਈ ਹੱਲ ਨਹੀਂ। ਬੁਨਿਆਦੀ ਤੌਰ 'ਤੇ ਇਹ ਸਹੀ ਸੋਚ ਹੈ ਪਰ ਇਹੋ ਸੋਚ ਬਹੁਤ ਵਾਰੀ ਫੌਰੀ ਅਮਲ ਵਿਚ ਰੁਕਾਵਟ ਪਾਉਂਦੀ ਹੈ। ਫੌਰੀ ਅਤੇ ਅੰਤਿਮ ਵਿਚ ਫਰਕ ਵੇਖਣਾ ਜ਼ਰੂਰੀ ਹੈ।

ਸਾਡੇ ਸਮਾਜ ਦੇ ਗਰੀਬ ਵਰਗ ਦੀ ਬਹੁਤੀ ਗਿਣਤੀ ਕੀੜਿਆਂ ਵਰਗੀ ਜ਼ਿੰਦਗੀ ਹੀ ਜੀਅ ਰਹੀ ਹੈ। ਝੁੱਗੀਆਂ-ਝੌਂਪੜੀਆਂ ਵਿਚ ਕੋਈ ਬੁਨਿਆਦੀ ਸਹੂਲਤ ਨਹੀਂ। ਉਹਨਾਂ ਦੇ ਬੱਚੇ ਨੰਗ-ਧੜੰਗੇ ਸੜਕਾਂ 'ਤੇ ਖੇਡਦੇ ਹਨ। ਕੋਈ ਸਕੂਲ ਨਹੀਂ, ਕੋਈ ਹਸਪਤਾਲ ਨਹੀਂ। ਔਰਤਾਂ ਦੇ ਨਹਾਉਣ ਲਈ ਕੋਈ ਪਰਦੇ ਵਾਲੀ ਥਾਂ ਨਹੀਂ। ਜੰਗਲ ਪਾਣੀ ਦੀ ਸਹੂਲਤ ਨਹੀਂ, ਬਿਜਲੀ ਨਹੀਂ, ਪਾਣੀ ਨਹੀਂ, ਬਸ ਚਿੱਕੜ ਹੀ ਚਿੱਕੜ ਹੈ। ਇਹਨਾਂ ਵਾਸਤੇ ਕੌਣ ਫੌਰੀ ਕੁਝ ਕਰੇਗਾ? ਇਹਦੇ ਲਈ ਕਮਿਊਨਿਸਟਾਂ ਨੇ ਹੀ ਅੱਗੇ ਆਉਣਾ ਹੈ।

ਇਕ ਮਿਸਾਲ ਹੈ । ਫਿਲੌਰ ਦੇ ਨੇੜੇ ਨਵਾਂ ਸ਼ਹਿਰ ਰੋਡ 'ਤੇ ਇਕ ਪਿੰਡ ਇੰਦਰਾ ਕਾਲੋਨੀ ਹੈ। ਇਸ ਪਿੰਡ ਦਾ ਆਪਣਾ ਨੇੜੇ ਦਾ ਹੀ ਇਕ ਇਤਿਹਾਸ ਹੈ। ਇਹ ਕਾਲੋਨੀ 1975 ਵਿਚ ਵਸਾਈ ਗਈ ਸੀ। ਐਮਰਜੈਂਸੀ ਦੇ ਸਮੇਂ ਇੰਦਰਾ ਗਾਂਧੀ ਦੇ ਨਾਂ 'ਤੇ ਹੀ ਇਹ ਕਾਲੋਨੀ ਵਸਾਈ ਗਈ ਸੀ। ਬਹੁਤ ਹੀ ਗਰੀਬ ਵਰਗ ਇਥੇ ਰਹਿੰਦਾ ਹੈ। ਹੁਣ ਇਸ ਕਾਲੋਨੀ ਨੂੰ ਇਕ ਪਿੰਡ ਦਾ ਦਰਜਾ ਦੇ ਦਿੱਤਾ ਗਿਆ ਹੈ। ਇਹਦੀ ਇਕ ਵੱਖਰੀ ਪੰਚਾਇਤ ਬਣਾਈ ਗਈ ਹੈ। ਪਿਛੇ ਹੋਈਆਂ ਚੋਣਾਂ ਵਿਚ ਜਿਹੜੇ ਪੰਚ ਅਤੇ ਸਰਪੰਚ ਉਤੇ ਆਏ ਹਨ, ਉਹ ਕਾਮਰੇਡ ਦੇ ਤੌਰ 'ਤੇ ਜਾਣੇ ਜਾਂਦੇ ਹਨ।

ਇਕ ਨਾਟਕ ਦੇ ਸਿਲਸਿਲੇ ਵਿਚ ਮੈਨੂੰ ਉਥੇ ਜਾਣ ਦਾ ਮੌਕਾ ਮਿਲਿਆ। ਹੈਰਾਨੀ ਵੀ ਹੋਈ ਅਤੇ ਦੁੱਖ ਵੀ ਹੋਇਆ ਕਿ ਬਾਕੀ ਹਿੰਦੁਸਤਾਨ ਦੇ ਮੁਕਾਬਲੇ ਵਿਚ ਅਮੀਰ ਕਹਿੰਦੇ ਕਹਿਲਾਉਂਦੇ ਪੰਜਾਬ ਵਿਚ ਇਹੋ ਜਿਹਾ ਵੀ ਇਕ ਪਿੰਡ ਹੈ, ਜਿਥੇ ਜ਼ਿੰਦਗੀ ਦੀ ਇਕ ਵੀ ਸਹੂਲਤ ਨਹੀਂ। 23 ਸਾਲ ਇਹ ਕਾਲੋਨੀ ਨਾਲ ਦੇ ਪਿੰਡ ਨਾਲ ਜੁੜੀ ਭਾਵੇਂ ਹੋਈ ਸੀ ਪਰ ਇਸਨੂੰ ਪਿੰਡ ਦਾ ਹਿੱਸਾ ਨਹੀਂ ਸੀ ਸਮਝਿਆ ਗਿਆ। ਇਹ ਹਾਲਤ ਉਂਝ ਤਾਂ ਪੰਜਾਬ ਦੇ ਬਹੁਤ ਸਾਰੇ ਪਿੰਡਾਂ ਦੇ ਬਾਹਰਵਾਰ ਠੱਠੀਆਂ ਅਤੇ ਵਿਹੜੀਆਂ ਦੀ ਹੈ ਪਰ ਜੋ ਅਣਗਹਿਲੀ ਅਤੇ ਬੇਪਰਵਾਹੀ ਇੰਦਰਾ ਕਾਲੋਨੀ ਲਈ ਵਰਤੀ ਗਈ, ਉਹ ਆਪਣੇ-ਆਪ ਵਿਚ ਇਕ ਮਿਸਾਲ ਹੈ ਕਿ ਸਾਧਨਹੀਣ ਲੋਕਾਂ ਨਾਲ ਇਸ ਮੁਲਕ ਵਿਚ ਕਿਸ ਤਰ੍ਹਾਂ ਭੈੜੇ ਤੋਂ ਭੈੜਾ ਵਰਤਾਰਾ ਕੀਤਾ ਜਾਂਦਾ ਹੈ।

ਇੰਦਰਾ ਕਾਲੋਨੀ ਦੇ ਕੁਝ ਲੋਕ ਫਿਲੌਰ ਜਾ ਕੇ ਮਜ਼ਦੂਰੀ ਕਰਦੇ ਹਨ। ਉਥੇ ਉਹਨਾਂ ਦਾ ਸੰਪਰਕ ਜਥੇਬੰਦੀ ਵਿਚ ਪਰੋਏ ਮਜ਼ਦੂਰਾਂ ਨਾਲ ਵੀ ਹੋਇਆ। ਫਿਲੌਰ ਦੀ ਮਾਰਕਸਵਾਦੀ ਪਾਰਟੀ ਦੀ ਇਕਾਈ ਨੇ ਉਹਨਾਂ ਨੂੰ ਚੇਤਨ ਕੀਤਾ। ਪਿੰਡ ਵਿਚ ਉਹਨਾਂ ਨੇ ਸੰਘਰਸ਼ ਕੀਤਾ। ਗੁਆਂਢੀ ਪਿੰਡ ਦੀ ਪੰਚਾਇਤ ਤੋਂ ਵੱਖ ਹੋ ਕੇ ਉਹਨਾਂ ਨੇ ਇੰਦਰਾ ਕਾਲੋਨੀ ਦੀ ਵੱਖਰੀ ਪੰਚਾਇਤ ਬਣਵਾਈ। ਨਵੇਂ ਪੰਚਾਂ, ਸਰਪੰਚਾਂ ਨੇ ਪੂਰੀ ਤਰ੍ਹਾਂ ਯੋਜਨਾਬੱਧੀ ਕੀਤੀ ਹੈ ਕਿ ਪਿੰਡ ਦੀ ਹਾਲਤ ਨੂੰ ਸੁਧਾਰਨਾ ਹੈ। ਨਾਟਕ ਵਾਲੇ ਦਿਨ ਕਾਮਰੇਡ ਪਾਸਲਾ ਜੀ ਵੀ ਉਥੇ ਸਨ ਅਤੇ ਫਿਲੌਰ ਦੀ ਮਾਰਕਸਵਾਦੀ ਇਕਾਈ ਦੇ ਆਗੂ ਵੀ ਉਥੇ ਸਨ। ਪਿੰਡ ਦੇ ਲੋਕਾਂ ਨਾਲ ਵਿਸਥਾਰ ਨਾਲ ਗੱਲਾਂ ਹੋਈਆਂ। ਉਹਨਾਂ ਵਿਚ ਉਤਸ਼ਾਹ ਸੀ। ਮੈਂ ਇਹ ਮਹਿਸੂਸ ਕੀਤਾ ਕਿ ਉਹਨਾਂ ਦੇ ਹਰ ਘਰ ਉਤੇ ਲਾਲ ਝੰਡਾ ਲਹਿਰਾਏਗਾ। ਲਾਲ ਝੰਡਾ ਜਿਹੜਾ ਗਰੀਬ ਵਰਗ ਦੀ ਮੁਕਤੀ ਦਾ ਝੰਡਾ ਹੈ।

ਬਹੁਤ ਵੱਡੇ ਸਬਕ ਲੈਣੇ ਬਣਦੇ ਹਨ। ਕਮਿਊਨਿਸਟਾਂ ਕੋਲ ਬੜੇ ਸੀਮਤ ਸਾਧਨ ਹਨ। ਉਹਨਾਂ ਨੂੰ ਚੋਣ ਕਰਨੀ ਪਵੇਗੀ ਕਿ ਉਹਨਾਂ ਨੇ ਕਿਹੜੇ ਵਰਗ ਵਿਚ ਕੰਮ ਕਰਨਾ ਹੈ ਅਤੇ ਕਿਥੇ ਆਪਣੀਆਂ ਸਰਗਰਮੀਆਂ ਨੂੰ ਕੇਂਦਰਿਤ ਕਰਨਾ ਹੈ। ਕੁਲ ਸ਼ਹਿਰ ਦੇ ਮੁਕਾਬਲੇ ਸ਼ਹਿਰ ਦੀਆਂ ਗਰੀਬ ਬਸਤੀਆਂ, ਸ਼ਹਿਰਾਂ ਦੇ ਮੁਕਾਬਲੇ ਪਿੰਡਾਂ ਵਿਚ, ਪਿੰਡਾਂ ਵਿਚ ਅੱਗੋਂ ਵਿਹੜਿਆਂ ਅਤੇ ਠੱਠੀਆਂ ਵਿਚ ਉਹਨਾਂ ਦਾ ਕੰਮ ਕਰਨਾ ਬਣਦਾ ਹੈ। ਇਹਦੀ ਇਕ ਮਿਸਾਲ ਵਿਦਿਆਰਥੀ ਆਗੂ ਸ਼ਹੀਦ ਦੀਪਕ ਧਵਨ ਦੀ ਹੈ। ਵਿਦਿਆਰਥੀ ਜੀਵਨ ਤੋਂ ਬਾਅਦ ਉਹਨੇ ਮੰਗ ਕਰਕੇ ਖੇਤ ਮਜ਼ਦੂਰਾਂ ਵਿਚ ਕੰਮ ਕਰਨ ਨੂੰ ਤਰਜੀਹ ਦਿੱਤੀ। ਕੁਝ ਚਿਰ ਵਿਚ ਹੀ ਉਸਨੇ ਆਪਣੀ ਸੁਹਿਰਦਤਾ ਨਾਲ ਨਤੀਜੇ ਕੱਢੇ। ਉਹਦੀ ਸ਼ਹਾਦਤ ਤੇ ਖੇਤ ਮਜ਼ਦੂਰਾਂ ਦੇ ਘਰਾਂ ਵਿਚ ਜਿਹੜੇ ਸੋਗ ਦਾ ਵਾਤਾਵਰਨ ਸੀ, ਉਹ ਦੱਸਦਾ ਸੀ ਕਿ ਜਿਸ ਤਰ੍ਹਾਂ ਉਹਨਾਂ ਦਾ ਆਪਣਾ ਨਜ਼ਦੀਕੀ ਉਹਨਾਂ ਤੋਂ ਸਦਾ ਲਈ ਵਿਛੜ ਗਿਆ ਹੈ। ਮਧਿਆ ਪ੍ਰਦੇਸ਼ ਵਿਚ ਸਾਥੀ ਨਿਉਗੀ ਦੀ ਸ਼ਹਾਦਤ ਤੇ ਵੀ ਆਦੀਵਾਸੀ ਕਬੀਲਿਆਂ ਵਿਚ ਇਹ ਵਾਤਾਵਰਨ ਸੀ। ਨਿਉਗੀ ਅਤੇ ਦੀਪਕ ਨੇ ਕੰਮ ਲਈ ਸਹੀ ਕਮਿਊਨਿਸਟ ਚੋਣ ਕੀਤੀ ਸੀ।

ਗਰੀਬ ਵਰਗ ਹੀ ਕਮਿਊਨਿਸਟਾਂ ਦੇ ਕੰਮ ਦਾ ਦਾਇਰਾ ਹੈ। ਜੇ ਉਹ ਇਹਦੇ ਵਿਚ ਅਣਗਹਿਲੀ ਕਰਨਗੇ ਤਾਂ ਮਾਨਵਵਾਦ ਦੇ ਨਾਂ 'ਤੇ ਕੰਮ ਕਰਦੀਆਂ ਧਾਰਮਿਕ ਸੰਸਥਾਵਾਂ, ਸੱਚ ਸੌਦੇ ਵਾਲੇ, ਰਾਧਾਸਵਾਮੀ, ਨਿਰੰਕਾਰੀ ਅਤੇ ਹੋਰ ਇਹੋ ਜਿਹੀਆਂ ਸੰਸਥਾਵਾਂ ਜਾਂ ਸਿਧਾਂਤਹੀਣ ਮੌਕਾਪ੍ਰਸਤ ਬਹੁਜਨੀਏ ਉਹਨਾਂ ਨੂੰ ਆਪਣੇ ਵੱਲ ਖਿੱਚ ਲੈਣਗੇ। ਕਮਿਊਨਿਸਟਾਂ ਦਾ ਇਨਕਲਾਬ ਦਾ ਨਿਸ਼ਾਨਾ ਉਹਨਾਂ ਤੋਂ ਦੂਰ ਤੇ ਹੋਰ ਦੂਰ ਹੁੰਦਾ ਜਾਏਗਾ। ਇਹਦਾ ਧਿਆਨ ਕਰਨਾ ਜ਼ਰੂਰੀ ਹੈ।